بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 23.09.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਖਿਮਾ ਕਰਨ ਦਾ ਮੇਰਾਜ (ਉਦਗਮ) ਤਾਂ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਜੀਵਨ ਵਿੱਚ ਦਿਖਾਈ ਦਿੰਦਾ ਹੈ ।
ਆਪ ਜੀ ਦੇ ਦਰਗੁਜ਼ਰ ਕਰਨ ਦੀਆਂ ਅਸੰਖ ਉਧਾਰਣਾ ਹਨ, ਆਪ ਜੀ ਦਾ ਦਰਗੁਜ਼ਰ ਕਰਨਾ ਅਜਿਹੇ ਮੇਰਾਜ ਨੂੰ ਪਹੁੰਚਿਆ ਹੋਇਆ ਹੈ ਕਿ ਮਨੁੱਖ ਹੈਰਾਨ ਰਹਿ ਜਾਂਦਾ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 23 ਸਤੰਬਰ 2016 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਹਕੀਕੀ ਮੋਮਿਨ ਦੀ ਇਹ ਨਿਸ਼ਾਨੀ ਦੱਸਦਿਆਂ ਹੋਇਆਂ ਫ਼ਰਮਾਇਆ ਕਿ ਹਕੀਕੀ ਮੋਮਿਨ ਉਹੋ ਹੈ ਜੋ ਆਪਣੇ ਲਈ ਜੋ ਚਾਹੁੰਦਾ ਹੈ ਉਹੋ ਦੂਜਿਆਂ ਲਈ ਵੀ ਚਾਹੁੰਦਾ ਹੈ। ਇਹ ਇਕ ਅਜਿਹਾ ਮਾਰਗਦਰਸ਼ਨ ਕਰਨ ਵਾਲਾ ਉਸੂਲ ਹੈ ਜੋ ਦੁਨੀਆ ਵਿੱਚ ਹਰ ਪਧੱਰ'ਤੇ ਘਰ'ਚੋਂ ਲੈਕੇ ਅੰਤਰ ਰਾਸ਼ਟਰੀ ਸੰਬੰਧਾਂ ਤੱਕ ਪ੍ਰੇਮ ਤੇ ਮਿਲਵਰਤਨ ਦੀ ਨੀਂਹ ਪਾਉਂਦਾ ਹੈ । ਝਗੜਿਆਂ ਨੂੰ ਖਤਮ ਕਰਦਾ ਹੈ ਦਿਲਾਂ ਵਿੱਚ ਨਰਮੀ ਪੈਦਾ ਕਰਦਾ ਹੈ । ਇਕ ਦੂਜੇ ਦੇ ਹੱਕ ਪੂਰੇ ਕਰਨ ਵੱਲ ਧਿਆਨ ਦੁਆਉਂਦਾ ਹੈ । ਮੈਂ ਕਈ ਮੌਕਿਆਂ'ਤੇ ਗ਼ੈਰਾਂ ਸਾਹਮਣੇ ਇਹ ਗੱਲ ਰੱਖੀ ਤਾਂ ਬਹੁਤ ਹੀ ਪ੍ਰਭਾਵਤ ਹੁੰਦੇ ਹਨ ਪਰ ਸਾਡਾ ਉਦੇਸ਼ ਲੋਕਾਂ ਨੂੰ ਕੇਵਲ ਚੰਗੀ ਗੱਲ ਦੱਸਕੇ ਪ੍ਰਭਾਵਤ ਕਰਨਾ ਨਹੀਂ ਹੈ ਸਗੋਂ ਆਪਣੇ ਅਮਲਾਂ ਰਾਹੀਂ ਇਸ ਗੱਲ ਦੀ ਅਤੇ ਹਰ ਇਸਲਾਮੀ ਆਦੇਸ਼ ਦੀ ਸੁੰਦਰਤਾ ਸਾਬਤ ਕਰਨਾ ਵੀ ਹੈ । ਸਾਨੂ ਗ਼ੈਰ ਪ੍ਰਸ਼ਨ ਕਰ ਸਕਦੇ ਹਨ ਕਿ ਬਹੁਤ ਚੰਗੀ ਗੱਲ ਹੈ ਪਰ ਦੱਸੋ ਕਿੰਨ੍ਹੇ ਲੋਕ ਇਸ'ਤੇ ਅਮਲ ਕਰਦੇ ਹਨ । ਜੱਦ ਮੌਕਾ ਮਿਲੇ ਤਾਂ ਖ਼ੁਦਗ਼ਰਜ਼ੀ ਨਹੀਂ ਦਿਖਾਉਂਦੇ । ਗੱਲ ਦੀ ਸੁੰਦਰਤਾ ਤਾਂ ਉਸੇ ਸਮੇਂ ਪ੍ਰਕਟ ਹੁੰਦੀ ਹੈ ਜੱਦ ਗੱਲ ਕਹਿਣ ਵਾਲਾ ਆਪ ਵੀ ਉਸ'ਤੇ ਅਮਲ ਕਰ ਰਿਹਾ ਹੋਵੇ । ਲੋਕਾਂ ਨੂੰ ਸਾਡੀ ਵਿਸ਼ੇਸ਼ ਖ਼ੂਬੀ ਦਾ ਤਾਂ ਹੀ ਪਤਾ ਲੱਗੇਗਾ ਜੱਦ ਸਾਡੀ ਕਹਿਣੀ ਤੇ ਕਰਨੀ ਇਕੋ ਜਿਹੀ ਹੋਵੇਗੀ । ਲੋਕ ਕੇਵਲ ਗੱਲਾਂ ਸੁਨਣ ਤੱਕ ਨਹੀਂ ਰਹਿੰਦੇ ਸਗੋਂ ਸਾਨੂੰ ਦੇਖਦੇ ਵੀ ਹਨ ।

ਸੋ, ਜੱਦ ਅਸੀਂ ਧਰਮ ਦੇ ਪੱਖੋਂ ਉਚੱ ਆਚਰਣ ਦੀਆਂ ਗੱਲਾਂ ਕਰਦੇ ਹਾਂ ਤਾਂ ਗ਼ੈਰ ਸਾਨੂੰ ਦੇਖਦੇ ਵੀ ਹਨ ਕਿ ਉਹਨਾਂ ਦੇ ਆਪਣੇ ਕਰਮ ਕਿਹੋ ਜਿਹੇ ਹਨ । ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਜੋ ਹਜ਼ਰਤ ਮੁਹਮੱਦ

ਸਲਲੱਾਹੁ ਅਲੈਹਿ ਵਸਲਮ ਨੇ ਮੋਮਿਨ ਦੇ ਉੱਚੇ ਆਚਰਣ ਕਾਇਮ ਕਰਨ ਬਾਰੇ ਦੱਸੀ ਕਿ ਤੁਹਾਡੇ ਹਕੀਕੀ ਮੋਮਿਨ ਹੋਣ ਦਾ ਉਦੋਂ ਹੀ ਪਤਾ ਲੱਗੇਗਾ ਜੱਦ ਤੁਹਾਡੇ ਆਚਰਣ ਵੀ ਆਲਾ (ਉਚੱਤਮ) ਹੋਣਗੇ । ਤੁਹਾਡੀਆਂ ਇਕ ਦੂਜੇ ਲਈ ਭਾਵਨਾਵਾਂ ਅਤੇ ਅਹਿਸਾਸਾਂ (ਅਨੁਭਵਤਾ) ਦੇ ਮਿਆਰ ਬੁਲੰਦ ਹੋਣਗੇ ਅਤੇ ਉਹ ਮਿਆਰ ਕੀ ਹਨ ਕਿ ਜੋ ਚੀਜ਼ ਤੁਸੀਂ ਆਪਣੇ ਲਈ ਪਸੰਦ ਕਰੋ ਉਹ ਦੂਜੇ ਲਈ ਵੀ ਪਸੰਦ ਕਰੋ । ਇਹ ਨਹੀਂ ਕਿ ਆਪਣੇ ਅਧਿਕਾਰ ਲੈਂਣ ਲਈ ਨਿਆ ਨਿਆ ਦੀਆਂ ਆਵਾਜ਼ਾਂ ਚੁਕੱਦੇ ਰਹੋ ਅਤੇ ਦੂਜਿਆਂ ਦੇ ਅਧਿਕਾਰ ਦੇਂਦਿਆਂ ਸਮੇਂ ਵਿਪਰੀਤ ਰਵੱਈਆ ਦਿਖਾਓ ।

ਸੋ, ਜਿਵੇਂ ਅਸੀਂ ਆਪਣੇ ਹੱਕ ਲੈਂਣ ਲਈ ਬੇਚੈਨ ਹੁੰਦੇ ਹਾਂ ਦੂਜਿਆਂ ਦੇ ਹੱਕ ਦੇਣ ਲਈ ਵੀ ਉਹੋ ਮਿਆਰ ਕਾਇਮ ਕਰਨੇ ਚਾਹੀਦੇ ਹਨ । ਸਾਡੇ ਕੋਲੋ ਕੋਈ ਗ਼ਲਤੀ ਹੋ ਜਾਵੇ ਤਾਂ ਅਸੀਂ ਜੱਦ ਇਹ ਚਾਹੁੰਦੇ ਹਾਂ ਕਿ ਸਾਡੀ ਗ਼ਲਤੀ ਮੁਆਫ਼ ਹੋਵੇ ਅਤੇ ਸਾਡੇ ਕੋਲੋਂ ਕੋਈ ਪੁੱਛ ਗਿੱਛ ਨ ਹੋਵੇ, ਸਾਨੂੰ ਦੰਡ ਨ ਮਿਲੇ ਤਾਂ ਫਿਰ ਜੱਦ ਕੋਈ ਦੂਜਾ ਗ਼ਲਤੀ ਕਰਦਾ ਹੈ ਜਿਸ ਤੋਂ ਅਸੀਂ ਪ੍ਰਭਾਵਤ ਹੋ ਰਹੇ ਹਾਂ ਤਾਂ ਸਾਨੂੰ ਉਸ ਦੇ ਲਈ ਵੀ ਜੇਕਰ ਉਹ ਆਦੀ ਮੁਜਰਮ ਨਹੀਂ ਹੈ, ਵਾਰ ਵਾਰ ਗ਼ਲਤੀਆਂ ਨਹੀਂ ਦਹੁਰਾਉਂਦਾ ਤਾਂ ਇਹੋ ਰਵੱਈਆ ਆਪਨਾਉਣਾ ਚਾਹੀਦਾ ਹੈ ਕਿ ਮੁਆਫ਼ ਕਰ ਦੇਈਏ । ਹਾਂ ਜੇਕਰ ਕਿਸੇ ਗ਼ਲਤੀ ਨਾਲ ਜਮਾਤ ਜਾਂ ਕੌਮ ਦੇ ਹਿਤਾਂ ਨੂੰ ਹਾਨੀ ਪਹੁੰਚ ਰਹੀ ਹੈ ਤਾਂ ਫਿਰ ਇਹ ਵਿਅਕਤੀਗੱਤ ਗ਼ਲਤੀ ਨਹੀਂ ਹੁੰਦੀ ਅਤੇ ਇਸ ਦਾ ਜੁਰਮ ਵੀ ਫਿਰ ਕੌਮੀ ਜੁਰਮ ਬਣ ਜਾਂਦਾ ਹੈ ਅਤੇ ਫਿਰ ਅਜਿਹੇ ਲੋਕਾਂ ਦਾ ਫ਼ੈਸਲਾ ਵੀ ਅਦਾਰੇ ਕਰਦੇ ਹਨ ਕੋਈ ਵਿਅਕਤੀ ਨਹੀਂ ਕਰਦਾ ।

ਬਹਿਰਹਾਲ ਮੈਂ ਇਹ ਗੱਲ ਕਹਿ ਰਿਹਾ ਹਾਂ ਕਿ ਸਮਾਜ ਦੇ ਪ੍ਰਤੀਦਿਨ ਦੇ ਆਪਸੀ ਮਾਮਲਿਆਂ ਵਿੱਚ ਜੋ ਅਸੀਂ ਆਪਣੇ ਲਈ ਹੱਕ ਸਮਝਦੇ ਹਾਂ ਉਹ ਦੂਜਿਆਂ ਨੂੰ ਵੀ ਹੱਕ ਦਿੰਦੇ ਹਾਂ ਜਾਂ ਨਹੀਂ ਜਾਂ ਹੱਕ ਦੇਣ ਦੀ ਸਾਡੀ ਸੋਚ ਹੈ ਜਾਂ ਨਹੀਂ । ਇਸ ਦੀ ਮੁਢੱਲੀ ਇਕਾਈ ਘਰ ਹੈ, ਸਜੱਣ ਮਿਤੱਰ ਹਨ, ਭੈਣ ਭਰਾ ਹਨ ਅਤੇ ਦੂਜੇ ਸਾਕ ਸੰਬੰਧੀ ਹਨ । ਜੱਦ ਛੋਟੇ ਪੈਮਾਨੇ'ਤੇ ਆਪਣੇ ਛੋਟੇ ਜਿਹੇ ਹਲਕੇ ਵਿੱਚ ਇਹ ਸੋਚ ਹੋਵੇਗੀ ਤਾਂ ਸਾਮਜ ਵਿੱਚ ਵਿਸ਼ਾਲ ਰੂਪ ਵਿੱਚ ਵੀ ਇਹੋ ਸੋਚ ਫੈਲੇਗੀ । ਖ਼ੁਦਗ਼ਰਜ਼ੀਆਂ (ਸੁਆਰਥ) ਖ਼ਤਮ ਹੋਣਗੀਆਂ, ਹੱਕ ਦੇਣ ਦੀਆਂ ਗੱਲਾਂ ਬਹੁਤੀਆਂ ਹੋਣਗੀਆਂ ਮੁਆਫ਼ ਕਰਨ ਦੇ ਰੁਝੇਵੇਂ ਵਧੱਣਗੇ । ਦੰਡ ਦੇਣ ਜਾਂ ਦੁਆਉਣ ਦੇ ਧਿਆਨ ਵਿੱਚ ਘਾਟ ਹੋਵੇਗੀ । ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਵੀ ਜ਼ਾਹਿਰੀ ਅਧਿਕਾਰਾਂ ਤੇ ਜ਼ਰੂਰਤਾਂ ਦਾ ਖ਼ਿਆਲ ਰਖੱਣ ਦੇ ਨਾਲ ਨਾਲ ਮੁਆਫ਼ ਕਰਨ ਦਾ ਰੁਝਾਨ ਅਪਨਾਉਣ ਵੱਲ ਧਿਆਨ ਦੁਆਓਂਦਾ ਹੈ । ਸੋ, ਅਲੱਾਹ ਤਆਲਾ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ :

(الَّذِيْنَ يُنْفِقُوْنَ فِي السَّرَّآءِ وَالضَّرَّآءِ وَالْكٰظِمِيْنَ الْغَيْظَ وَالْعَافِيْنَ عَنِ النَّاسِ ؕ وَاللّٰهُ يُحِبُّ الْمُحْسِنِيْنَ ○) ਅਲੱਜ਼ੀਨਾ ਯੁਨਫ਼ਿਕੂਨਾ ਫ਼ਿਸੱਰੱਾਇ ਵਜ਼ੱਰੱਾਇ ਵਲ ਕਾਜ਼ਿਮੀਨਲ ਗ਼ੈਜ਼ਾ ਵਲ ਆਫ਼ੀਨਾ ਅਨਿਨੱਾਸਿ, ਵਲੱਾਹੁ ਯੁਹਿਬੁੱਲ ਮੁਹਸਿਨੀਨ 0 ਅਰਥਾਤ ਉਹ ਲੋਕ ਜੋ ਸੌਖੇ ਸਮੇਂ ਵੀ ਖਰਚ ਕਰਦੇ ਹਨ ਅਤੇ ਔਖੇ (ਤੰਗੀ) ਸਮੇਂ ਵੀ ਅਤੇ ਗੁੱਸੇ ਨੂੰ ਦੱਬ ਜਾਣ ਵਾਲੇ ਹਨ ਅਤੇ ਲੋਕਾਂ ਨੂੰ ਦਰਗੁਜ਼ਰ ਕਰਨ ਵਾਲੇ ਹਨ ਅਤੇ ਅਲੱਾਹ ਉਪਕਾਰ ਕਰਨ ਵਾਲਿਆਹ ਨਾਲ ਪ੍ਰੇਮ ਕਰਦ ਹੈ ।

ਇਸ ਵਿੱਚ ਪਹਿਲਾਂ ਤਾਂ ਅਲੱਾਹ ਨੇ ਬੰਦਿਆਂ ਦੇ ਅਧਿਕਾਰ ਪੂਰੇ ਕਰਨ ਲਈ ਖਰਚ ਕਰਨ ਵੱਲ ਧਿਆਨ ਦੁਆਇਆ ਹੈ ਜੋ ਲੋੜਵੰਦ ਹਨ । ਫਿਰ ਅਲੱਾਹ ਤਆਲਾ ਫ਼ਰਮਾਉਦਾ ਹੈ ਕਿ ਉਪਕਾਰ ਕਰਨ ਵਾਲਿਆਂ ਦੀ ਇਹ ਵੀ ਨਿਸ਼ਾਨੀ ਹੈ ਕਿ ਉਹ ਆਪਣੀਆਂ ਭਾਵਨਾਵਾਂ ਉਪੱਰ ਕੰਟ੍ਰੋਲ ਰਖੱਣ ਵਾਲੇ ਹਨ । ਇਹ ਗੱਲ ਕੋਈ ਮਮੂਲੀ ਗੱਲ ਨਹੀਂ ਹੈ ਕਿ ਹਰ ਪ੍ਰਕਾਰ ਦੇ ਗੁੱਸੇ ਅਤੇ ਬਦਲੇ ਦੀਆਂ ਭਾਵਨਾਵਾਂ ਨੂੰ ਦਿਲ ਵਿੱਚੋਂ ਕੱਢ ਦਿੱਤਾ ਜਾਵੇ, ਇਹ ਬਹੁਤ ਵੱਡੀ ਗੱਲ ਹੈ । ਜੱਦ ਗੁਸੱਾ ਵੀ ਨ ਆਵੇ ਅਤੇ ਬਦਲਾ ਲੈਂਣ ਦੀ ਭਾਵਨਾ ਵੀ ਦਿਲੋਂ ਕੱਢ ਦਿੱਤੀ ਜਾਵੇ ਅਤੇ ਨ ਕੇਵਲ ਇਹ ਕਿ ਗੁੱਸੇ ਦੀਆਂ ਭਾਵਨਾਵਾਂ ਨੂੰ ਕੱਢ ਦਿੱਤਾ ਜਾਵੇ ਸਗੋ ਗ਼ਲਤੀ ਕਰਨ ਵਾਲੇ ਉਪੱਰ ਕੁਝ ਉਪਕਾਰ ਵੀ ਕਰ ਦਿਤੱਾ ਜਾਵੇ । ਇਹ

ਬਹੁਤ ਵੱਡੀ ਗੱਲ ਹੈ ਅਤੇ ਅਲੱਾਹ ਤਆਲਾ ਚਾਹੁੰਦਾ ਹੈ ਕਿ ਮੋਮਿਨ ਵਿੱਚ ਇਹ ਗੱਲਾਂ ਪੈਦਾ ਹੋਣ । ਰਿਵਾਇਤਾਂ ਵਿੱਚ ਹਜਰਤ ਹਸਨ ਰਜ਼ੀ ਅਲੱਾਹ ਅਨਹੁ ਦੀ ਇਕ ਘਟਨਾ ਆਉਂਦੀ ਹੈ ਕਿ ਆਪ ਦੇ ਇਕ ਗ਼ੁਲਾਮ ਨੇ ਕੋਈ ਗ਼ਲਤੀ ਕੀਤੀ ਉਸ'ਤੇ ਆਪ ਨੂੰ ਬਹੁਤ ਗੁਸੱਾ ਆਇਆ ਅਤੇ ਦੰਡ ਦੇਣਾ ਚਾਹੁੰਦੇ ਹੀ ਸਨ ਕਿ ਉਸ ਗ਼ੁਲਾਮ ਨੇ ਆਇਤ ਦਾ ਇਹ ਭਾਗ ਪੜ੍ਹਿਆ (وَالْكٰظِمِيْنَ الْغَيْظَ) 'ਵੱਲ ਕਾਜ਼ਿਮੀਨਲ ਗ਼ੈਜ਼ਾ' ਅਤੇ ਉਹ ਜੋ ਗੁਸੱਾ ਦਬਾਉਂਦੇ ਹਨ । ਇਸ'ਤੇ ਹਜ਼ਰਤ ਹਸਨ ਰਜ਼ੀ ਲੱਹ ਅਨਹੁ ਨੇ ਦੰਡ ਦੇਣ ਲਈ ਜੋ ਹੱਥ ਚੁੱਕਿਆ ਸੀ ਉਸ ਨੂੰ ਹੇਠਾਂ ਕਰ ਲਿਆ । ਇਸ'ਤੇ ਗ਼ੁਲਾਮ ਨੇ ਕਿਹਾ ਵਲਆਫ਼ੀਨਾ' ਅਜਿਹੇ ਲੋਕ, ਲੋਕਾਂ ਨੂੰ ਮੁਆਫ਼ ਕਰਨ ਵਾਲੇ ਵੀ ਹੁੰਦੇ ਹਨ । ਇਸ'ਤੇ ਹਜ਼ਰਤ ਹਸਨ ਰਜ਼ੀ ਅਲੱਲਾਹ ਅਨਹੁ ਨੇ ਰੱਬ ਦੇ ਹੁਕਮ ਅਨੁਸਾਰ ਕਿਹਾ ਜਾਓ ਮੈਂ ਤੁਹਾਨੂੰ ਮੁਆਫ਼ ਕੀਤਾ । ਇਸ ਗੱਲ'ਤੇ ਗ਼ੁਲਾਮ ਨੇ ਕਿਹਾ ਵਲੱਾਹੁ ਯੁਹਿਬੁੱਲ ਮੁਹਸਿਨੀਨ' ਕਿ ਅਲੱਾਹ ਤਆਲਾ ਉਪਕਾਰ ਕਰਨ ਵਾਲਿਆਂ ਨਾਲ ਪ੍ਰੇਮ ਕਰਦਾ ਹੈ, ਇਸ'ਤੇ ਉਹਨਾਂ ਨੇ ਉਸ ਗ਼ੁਲਾਮ ਨੂੰ ਕਿਹਾ, ਜਾਓ, ਮੈਂ ਤੁਹਾਨੂੰ ਆਜ਼ਾਦ ਕੀਤਾ । ਜਿੱਥੇ ਜਾਣਾ ਚਾਹੁੰਦੇ ਹੋ ਚਲੇ ਜਾਓ ।

ਸੋ, ਅਲੱਾਹ ਤਆਲਾ ਦੇ ਪ੍ਰੇਮ ਦੀ ਇਛੱਾ ਰਖੱਣ ਵਾਲਿਆਂ ਦੇ ਇਹ ਰਵੱਈਏ ਹੁੰਦੇ ਹਨ ਕਿ ਨ ਕੇਵਲ ਕੁਸੂਰਵਾਰ ਦਾ ਕੁਸੂਰ ਮੁਆਫ਼ ਕਰ ਦੇਣ ਸਗੋਂ ਉਸ'ਤੇ ਉਪਕਾਰ ਵੀ ਕਰ ਦੇਣ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਆਇਤ ਦੇ ਹਵਾਲੇ ਨਾਲ ਇਕ ਇਕ ਥਾਂ ਫ਼ਰਮਾਉਂਦੇ ਹਨ :

ਚੇਤੇ ਰੱਖੋ ਜੋ ਮਨੁੱਖ ਸਖੱਤੀ ਕਰਦਾ ਹੈ ਅਤੇ ਗੁੱਸੇ ਵਿੱਚ ਆ ਜਾਂਦਾ ਹੈ ਉਸ ਦੇ ਮੂੰਹੋ ਮਆਰਫ਼ਤ ਤੇ ਦਾਨਾਈ (ਯੁਕਤੀਆਂ) ਦੀਆਂ ਗੱਲਾਂ ਉਕੱਾ ਹੀ ਨਹੀਂ ਨਿਕਲ ਸਕਦੀਆਂ ਉਹ ਦਿਲ ਦਾਨਾਈ ਦੀਆਂ ਗਲੱਾਂ ਤੋਂ ਮਹਿਰੂਮ ਕੀਤਾ ਜਾਂਦਾ ਹੈ ਜੋ ਆਪਣੇ ਮੁਕਾਬਲ ਦੇ ਸਾਹਮਣੇ ਛੇਤੀ ਗੁੱਸੇ ਵਿੱਚ ਆਕੇ ਆਪੇ ਤੋਂ ਬਾਹਰ ਹੋ ਜਾਂਦਾ ਹੈ । ਗੰਦੀ ਸੋਚ ਤੇ ਕੁਬੋਲਾਂ ਦੇ ਬੁੱਲ ਸੂਖਮ ਸੋਮਿਆ ਤੋਂ ਬੇਨਸੀਬੇ ਤੇ ਮਹਿਰੂਮ ਕੀਤੇ ਜਾਂਦੇ ਹਨ । ਗੁਸੱਾ ਤੇ ਦਾਨਾਈ ਦੋਵੇਂ ਇਕ ਥਾਂ ਇਕਤੱਰ ਨਹੀਂ ਹੋ ਸਕਦੇ । ਜੋ ਗੁੱਸੇ ਦੇ ਪ੍ਰਭਾਵ ਹੇਠ ਹੁੰਦਾ ਹੈ ਉਸ ਦੀ ਅਕਲ ਮੋਟੀ ਅਤੇ ਮੰਦ ਬੁੱਧੀ ਹੁੰਦਾ ਹੈ, ਉਸ ਨੂੰ ਕਿਸੇ ਵੀ ਖੇਤਰ ਵਿੱਚ ਮਦਦ ਤੇ ਗ਼ਲਬਾ ਨਹੀਂ ਦਿੱਤਾ ਜਾਂਦਾ । ਗੁੱਸਾ ਅਧੱਾ ਜਨੂਨ (ਪਾਗ਼ਲਪੁਣਾ) ਹੈ, ਜੱਦ ਇਹ ਬਹੁਤਾ ਭੜਕਦਾ ਹੈ ਤਾਂ ਪੂਰਾ ਜਨੂਨ ਹੋ ਸਕਦਾ ਹੈ । ਚੇਤੇ ਰੱਖੋ ਅਕਲ ਤੇ ਜੋਸ਼ ਵਿੱਚ ਖ਼ਤਰਨਾਕ ਦੁਸ਼ਮਣੀ ਹੈ, ਜੱਦ ਜੋਸ਼ ਤੇ ਗੁੱਸਾ ਆਉਂਦਾ ਹੈ ਤਾਂ ਅਕਲ ਕਾਇਮ ਨਹੀਂ ਰਹਿ ਸਕਦੀ ਪਰ ਜੋ ਸਬਰ ਕਰਦਾ ਹੈ ਅਤੇ ਠਰ੍ਹਮੇ ਦਾ ਨਮੂਨਾ ਦਿਖਾਉਂਦਾ ਹੈ ਉਸ ਨੂੰ ਇਕ ਨੂਰ ਦਿੱਤਾ ਜਾਂਦਾ ਹੈ ਜਿਸ ਤੋਂ ਉਸ ਦੀ ਅਕਲ ਤੇ ਸੋਚ ਦੀਆਂ ਸ਼ਕਤੀਆਂ ਵਿੱਚ ਇਕ ਨਵਾਂ ਚਾਨ੍ਹਣਾ ਪੈਦਾ ਹੋ ਜਾਂਦਾ ਹੈ ਅਤੇ ਫਿਰ ਨੂਰ ਤੋਂ ਨੂਰ ਪੈਦਾ ਹੁੰਦਾ ਹੈ । ਗੁਸੱਾ ਅਤੇ ਜੋਸ਼ ਦੀ ਅਵਸਥਾ ਵਿੱਚ ਕਿਉਂਕਿ ਮਨ ਤੇ ਬੁੱਧੀ ਅੰਧਕਾਰਮਈ ਹੁੰਦੇ ਹਨ ਇਸ ਲਈ ਫਿਰ ਹਨ੍ਹੇਰੇ ਤੋਂ ਹਨ੍ਹੇਰਾ ਪੈਦਾ ਹੁੰਦਾ ਹੈ ।

ਕਈ ਥਾਂ ਸਖ਼ਤੀ ਕਰਨੀ ਪੈਂਦੀ ਹੈ ਪਰ ਗੁੱਸੇ ਵਿੱਚ ਆਣਕੇ ਸਖ਼ਤੀ ਕਰਨਾ ਉਚਿਤ ਨਹੀਂ । ਇਸਲਾਮ ਵਿੱਚ ਦੰਡ ਦੀ ਕਲਪਨਾ ਹੈ ਪਰ ਇਸ ਦੇ ਲਈ ਉਸੂਲ ਤੇ ਨੀਯਮ ਹਨ । ਗੁੱਸੇ ਵਿੱਚ ਆਣਕੇ ਦੰਡ ਦੇਣਾ ਦਾਨਾਈ ਤੇ ਨਿਆਏ ਤੋਂ ਦੂਰ ਲੈ ਜਾਂਦਾ ਹੈ ।

ਅਲੱਾਹ ਤਆਲਾ ਨੇ ਸਾਨੂੰ ਗੁੱਸਾ ਦਬਾਉਣ ਦੇ ਬਾਦ ਜੋ ਮੁਆਫ਼ ਕਰਨ ਲਈ ਕਿਹਾ ਹੈ ਉਹ ਬਿਨਾ ਕਿਸੇ ਯੁਕਤੀ ਦੇ ਨਹੀਂ ਕਿਹਾ ਕਿ ਮੁਆਫ਼ ਕਰਦੇ ਚਲੇ ਜਾਓ, ਸਗੋਂ ਮੁਆਫ਼ੀ ਤੇ ਦੰਡ ਦੀ ਯੁਕਤੀ ਦੱਸਕੇ ਨਿਰਣਾ ਕਰਨ ਲਈ ਕਿਹਾ ਹੈ । ਸੋ, ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ :

( وَجَزٰٓؤُا سَيِّئَةٍ سَيِّئَةٌ مِّثْلُهَا ۚ فَمَنْ عَفَا وَاَصْلَحَ فَاَجْرُهٗ عَلَى اللّٰهِ ؕ اِنَّهٗ لَا يُحِبُّ الظّٰلِمِيْنَ ○ ) ਵ ਜਜ਼ਾਉ ਸੱਯਿਆਤਿਨ ਸੱਯਿਆਤੁੰਮ ਮਿਸਲਿਹਾ, ਫ਼ਮਨ ਅਫ਼ਾ ਵ ਅਸਲਾਹਾ ਫ਼-ਅਜਰੁਹੂ ਅਲਲੱਾਹਿ, ਇਨੱਾਹੂ ਲਾ ਯੁਹਿਬੁੱਜ਼ ਜ਼ਾਲਿਮੀਨ 0

ਅਤੇ ਬਦੀ ਦਾ ਬਦਲਾ ਕੀਤੀ ਜਾਣ ਵਾਲੀ ਬਦੀ ਦੇ ਬਰਾਬਰ ਹੁੰਦਾ ਹੈ, ਸੋ ਜੋ ਕੋਈ ਮੁਆਫ਼ ਕਰੇ ਬਸ਼ਰਤੇ ਕਿ ਉਹ ਸੁਧਾਰ ਕਰਨ ਵਾਲਾ ਹੋਵੇ ਤਾਂ ਉਸ ਦਾ ਬਦਲਾ ਅਲੱਾਹ ਉਪੱਰ ਹੈ । ਨਿਸ਼ਚੇ ਹੀ ਅਲੱਾਹ ਜ਼ਾਲਮਾਂ ਨੂੰ ਪਸੰਦ ਨਹੀਂ ਕਰਦਾ ।

ਸੋ, ਅਸਲ ਚੀਜ ਮੁਜਰਮ ਨੂੰ ਉਸ ਦੇ ਜੁਰੁਮ ਦਾ ਅਹਿਸਾਸ ਦੁਆਕੇ ਸੁਧਾਰ ਕਰਨਾ ਹੈ ਨ ਕਿ ਬਦਲਾ ਲੈਂਣਾ । ਮੁਕਦੱਮੇ ਬਾਜ਼ੀਆਂ ਵਿੱਚ ਫ਼ਸਾਉਂਣਾ ਆਪਣਾ ਮਾਲ ਵੀ ਨਸ਼ਟ ਕਰਨਾ ਅਤੇ ਦੂਜੇ ਦਾ ਵੀ ਮਾਲ ਨਸ਼ਟ ਕਰਾਉਣਾ । ਆਪਣਾ ਸਮਾਂ ਵੀ ਨਸ਼ਟ ਕਰਨਾ ਅਤੇ ਦੂਜਿਆਂ ਦਾ ਵੀ ਸਮਾਂ ਨਸ਼ਟ ਕਰਾਉਣਾ ਅਤੇ ਜੇਕਰ ਜਮਾਤ ਦੇ ਅਦਾਰਿਆਂ ਵਿੱਚ ਹੈ ਤਾਂ ਉਹਨਾਂ'ਤੇ ਬਦਜ਼ੰਨ੍ਹੀਆਂ ਕਰਨਾ । ਜੇਕਰ ਮੁਆਫ਼ ਕਰਨ ਨਾਲ ਸੁਧਾਰ ਹੋ ਜਾਂਦਾ ਹੈ ਤਾਂ ਮੁਆਫ਼ ਕਰਨਾ ਬਿਹਤਰ ਹੈ । ਜੇਕਰ ਦੰਡ ਦੇਣਾ ਸੁਧਾਰ ਲਈ ਜ਼ਰੂਰੀ ਹੈ ਤਾਂ ਯੁਕਤੀ ਦਾ ਤਕਾਦਾ ਇਹ ਹੈ ਕਿ ਦੰਡ ਦਿੱਤਾ ਜਾਵੇ ਅਤੇ ਫਿਰ ਬੇਸ਼ਕ ਸੰਬੰਧਤ ਅਦਾਰਿਆਂ ਤੱਕ ਮਾਮਲਾ ਲੈ ਜਾਇਆ ਜਾਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਯੁਕਤੀ ਭਰਪੂਰ ਆਦੇਸ਼ ਬਾਰੇ ਕਈ ਥਾਂ ਲਿੱਖਿਆ ਹੈ, ਇਕ ਥਾਂ ਆਪ ਫ਼ਰਮਾਉਂਦੇ ਹਨ :

ਨਿਆਏ ਦੇ ਨੀਯਮਾ ਅਨੁਸਾਰ ਹਰ ਇਕ ਬਦੀ ਦਾ ਦੰਡ ਉਸੇ ਬਦੀ ਮੁਤਾਬਕ ਹੈ ਪਰ ਜੇਕਰ ਕੋਈ ਵਿਅਕਤੀ ਆਪਣੇ ਗੁਨਾਹਗਾਰ (ਅਪਰਾਧੀ) ਨੂੰ ਮੁਆਫ਼ ਕਰ ਦੇਵੇ, ਬਸ਼ਰਤੇ ਕਿ ਉਸ ਮੁਆਫ਼ੀ ਨਾਲ ਮੁਜਰਮ ਦਾ ਸੁਧਾਰ ਹੁੰਦਾ ਹੋਵੇ ਨ ਕਿ ਉਸ ਮੁਆਫ਼ੀ ਨਾਲ ਉਹ ਹੋਰ ਵੀ ਦਲੇਰ ਅਤੇ ਨਿਧੜਕ ਹੋ ਜਾਵੇ ਤਾਂ ਅਜਿਹਾ ਵਿਅਕਤੀ ਰੱਬ ਤੋਂ ਬਹੁਤ ਵੱਡਾ ਬਦਲਾ ਪ੍ਰਾਪਤ ਕਰੇਗਾ ।

ਸੋ, ਦਰਗੁਜ਼ਰ ਤੇ ਮੁਆਫ਼ ਕਰਨਾ ਉਸ ਸਮੇਂ ਹੈ ਜੱਦ ਕੁਸੂਰਵਾਰ ਦਾ ਇਹ ਰਵੱਈਆ ਨਜ਼ਰ ਆਉਂਦਾ ਹੋਵੇ ਕਿ ਉਹ ਭਵਿੱਖ ਵਿੱਚ ਇਹ ਗ਼ਲਤ ਕੰਮ ਨਹੀਂ ਕਰੇਗਾ । ਕੁਝ ਆਦੀ ਮੁਜਰਮ ਹੁੰਦੇ ਹਨ ਅਤੇ ਹਰ ਵਾਰ ਜੁਰੁਮ ਕਰਕੇ ਮੁਆਫ਼ੀ ਮੰਗਦੇ ਹਨ । ਅਜਿਹੇ ਲੋਕਾਂ ਲਈ ਦੰਡ ਜ਼ਰੂਰੀ ਹੁੰਦਾ ਹੈ ਅਤੇ ਦੰਡ ਫਿਰ ਇਸ ਪ੍ਰਕਾਰ ਦਾ ਹੋਵੇ ਕਿ ਉਸ ਤੋਂ ਉਸ ਦਾ ਸੁਧਾਰ ਹੁੰਦਾ ਹੋਵੇ ।

ਸੋ, ਇਹ ਹੈ ਇਸਲਾਮੀ ਦੰਡ ਅਤੇ ਮੁਆਫ਼ੀ ਦੀ ਯੁਕਤੀ ਕਿ ਸੁਧਾਰ ਸੰਮੁੱਖ ਹੋਵੇ, ਨ ਕਿ ਅਲੱਾਹ ਇਹ ਚਾਹੁੰਦਾ ਹੈ ਕਿ ਅਖੱਾਂ ਬੰਦ ਕਰਕੇ ਹਰ ਇਕ ਨੂੰ ਮੁਆਫ਼ ਕਰਦੇ ਜਾਓ, ਨ ਇਹ ਕਿ ਗੁੱਸੇ ਵਿੱਚ ਆਣਕੇ ਦੰਡ ਦੇਣ ਵੱਲ ਹੀ ਸਾਰਾ ਧਿਆਨ ਹੋਵੇ । ਮੁਆਫ਼ ਕਰਦੇ ਜਾਣ ਨਾਲ ਵੀ ਸਮਾਜ ਵਿੱਚ ਵਿਗਾੜ ਪੈਦਾ ਹੁੰਦਾ ਹੈ ਅਤੇ ਦੰਡ ਦਿੰਦੇ ਜਾਣ ਨਾਲ ਵੀ ਕੀਂਨੇ ਤੇ ਵੈਰ ਵਧੱਦੇ ਹਨ ਅਤੇ ਸਮਾਜ ਵਿੱਚ ਨਫ਼ਰਤਾਂ ਦੀਆਂ ਕੰਧਾਂ ਖੜੀਆਂ ਹੋ ਜਾਂਦੀਆਂ ਹਨ ਅਤੇ ਬਦਅਮਨੀ ਤੇ ਅਸ਼ਾਂਤੀ ਫ਼ੈਲਦੀ ਜਾਂਦੀ ਹੈ ।

ਬਹਿਰਹਾਲ ਇਹ ਤਾਂ ਇਸਲਾਮ ਦੀ ਇਕ ਉਸੂਲੀ ਸਿੱਖਿਆ ਹੈ । ਹੁਣ ਅਸੀਂ ਦੇਖਦੇ ਹਾਂ ਕਿ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਕਿਸ ਹੱਦ ਤੱਕ ਮੁਆਫ਼ ਕੀਤਾ ਕਰਦੇ ਸਨ । ਮੁਆਫ਼ ਕਰਨ ਦਾ ਮੇਰਾਜ (ਉਦਗਮ) ਤਾਂ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਜੀਵਨ ਵਿੱਚ ਨਜ਼ਰ ਆਉਂਦਾ ਹੈ ਕਿ ਜਿੰਨ੍ਹਾ ਲੋਕਾਂ ਦੇ ਦੰਡ ਦੇ ਫੈਸਲੇ ਵੀ ਹੋ ਗਏ ਸਨ, ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਨੂੰ ਵੀ ਮੁਆਫ਼ ਕਰ ਦਿੱਤਾ । ਕਿਸੇ ਦੂਜੇ ਦੇ ਕਸੂਰਵਾਰ ਨੂੰ ਮੁਆਫ਼ ਨਹੀਂ ਕੀਤਾ ਸਗੋਂ ਆਪਣੇ ਕੁਸੂਰਵਾਰਾਂ ਨੂੰ ਆਪਣੀ ਸੰਤਾਨ ਦੇ ਕਾਤਲਾਂ ਨੂੰ ਮੁਆਫ਼ ਕਰ ਦਿੱਤਾ ਕਿਉਕਿ ਉਹਨਾਂ ਦਾ ਸੁਧਾਰ ਹੋ ਗਿਆ ਸੀ । ਰਿਵਾਇਤ ਵਿੱਚ ਇਕ ਘਟਨਾ ਇਉਂ ਹੈ ਕਿ ਇਕ ਵਿਅਕਤੀ ਹਬਾਰ ਬਿਨ ਅਸਵਦ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸਾਹਿਬਜ਼ਾਦੀ ਹਜ਼ਰਤ ਜ਼ੈਨਬ ਉਪੱਰ ਮਕੱਾ ਤੋਂ ਮਦੀਂਨੇ ਵੱਲ ਹਿਜਰਤ ਕਰਦੇ ਸਮੇਂ ਨੇਜ਼ੇ ਨਾਲ ਕਾਤਲਾਨਾਂ ਹਮਲਾ ਕੀਤਾ । ਆਪ ਉਸ ਸਮੇਂ ਗਰਭਵਤੀ ਸਨ, ਹਮਲੇ ਕਾਰਣ ਆਪ ਦਾ ਗਰਭ ਵੀ ਨਸ਼ਟ ਹੋ ਗਿਆ ਜ਼ਖ਼ਮੀ ਵੀ ਹੋਈ, ਸੱਟ ਵੀ ਲੱਗੀ ਅਤੇ ਇਸ ਸੱਟ ਕਰਕੇ ਆਪ ਦੀ ਮੌਤ

ਵੀ ਹੋ ਗਈ । ਇਸ ਜੁਰਮ ਕਰਕੇ ਹਬਾਰ ਲਈ ਕਤਲ ਕੀਤੇ ਜਾਣ ਦਾ ਨਿਰਣਾ ਹੋਇਆ । ਮੱਕੇ ਦੀ ਫ਼ਤਹਿ ਸਮੇਂ ਇਹ ਵਿਅਕਤੀ ਭੱਜ ਕੇ ਕਿਤੇ ਚਲਾ ਗਿਆ ਪਰ ਬਾਦ ਵਿੱਚ ਜੱਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਮਦੀਨੇ ਵਾਪਸ ਆਏ ਤਾਂ ਹਬਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਬਿਨਤੀ ਕੀਤੀ ਕਿ ਮੈਂ ਰਹਿਮ ਦੀ ਭਿੱਖਿਆ ਮੰਗਦਾ ਹਾਂ । ਪਹਿਲਾਂ ਮੈਂ ਆਪ ਤੋਂ ਡਰਕੇ ਫਰਾਰ ਹੋ ਗਿਆ ਸੀ ਪਰ ਮੈਂਨੂੰ ਆਪ ਦਾ ਦਰਗੁਜ਼ਰ ਕਰਨਾ ਤੇ ਰਹਿਮ ਕਰਨਾ ਵਾਪਸ ਲੈ ਅਇਆ ਹੈ । ਹੇ ! ਖ਼ੁਦਾ ਦੇ ਨਬੀ !! ਅਸੀਂ ਜਾਹਲ ਸੀ, ਮੁਸ਼ਰਿਕ ਸੀ, ਰੱਬ ਨੇ ਸਾਨੂੰ ਤੁਹਾਡੇ ਰਾਹੀਂ ਸੁਮਾਰਗ ਪ੍ਰਦਾਨ ਕੀਤਾ ਅਤੇ ਹਲਾਕਤ (ਤਬਾਹੀ) ਤੋਂ ਬਚਾਇਆ । ਮੈਂ ਆਪਣੀਆਂ ਵਧੀਕੀਆਂ ਦਾ ਇਕਰਾਰ ਕਰਦਾ ਹਾਂ, ਸੋ ਮੇਰੀ ਮੂਰਖਤਾ ਨੂੰ ਅੱਖੋਂ ਓਹਲੇ ਕਰਦਿਆਂ ਹੋਇਆਂ ਮੈਂਨੂੰ ਮੁਆਫ਼ ਕੀਤਾ ਜਾਵੇ । ਸੋ, ਆਂਹਜ਼ਰਤ ਮੁਹਮੱਦ ਸਲਲੱਾਹੁ ਅਲੱਹਿ ਵਸਲਮ ਨੇ ਆਪਣੀ ਸਾਹਿਬਜ਼ਾਦੀ ਦੇ ਇਸ ਕਾਤਲ ਨੂੰ ਮੁਆਫ਼ ਕਰ ਦਿੱਤਾ ਅਤੇ ਫ਼ਰਮਾਇਆ ਕਿ ਜਾ, ਹੇ ਹਬਾਰ ! ਮੈਂ ਤੈਨੂੰ ਮੁਆਫ਼ ਕੀਤਾ ਅਤੇ ਫਿਰ ਫ਼ਰਮਾਇਆ ਕਿ ਅਲੱਾਹ ਦਾ ਇਹ ਉਪਕਾਰ ਹੈ ਕਿ ਉਸ ਨੇ ਤੁਹਾਨੂੰ ਇਸਲਾਮ ਕੁਬੂਲ ਕਰਨ ਦਾ ਸੰਜੋਗ ਪ੍ਰਦਾਨ ਕੀਤਾ । ਸੋ, ਜੱਦ ਆਪਨੇ ਦੇਖਿਆ ਕਿ ਸੁਧਾਰ ਹੋ ਗਿਆ ਹੈ ਤਾਂ ਆਪਣੀ ਬੇਟੀ ਦੇ ਕਾਤਲ ਨੂੰ ਵੀ ਮੁਆਫ਼ ਕਰ ਦਿੱਤਾ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਫ਼ਰਮਾਉਂਦੀ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਕਦੇ ਵੀ ਆਪਣੇ ਉਪੱਰ ਹੋਣ ਵਾਲੀਆਂ ਵਧੀਕੀਆਂ ਦਾ ਕਦੇ ਵੀ ਬਦਲਾ ਨਹੀਂ ਲਿਆ । ਤਾਂ ਹੀ ਤਾਂ ਆਪ ਨੇ ਖਾਣੇ ਵਿੱਚ ਜ਼ਹਿਰ ਮਿਲਾ ਕੇ ਖਾਣਾ ਖੁਆਉਣ ਵਾਲੀ ਯਹੂਦੀ ਇਸਤਰੀ ਨੂੰ ਵੀ ਮੁਆਫ਼ ਕਰ ਦਿੱਤਾ ਸੀ । ਫਿਰ ਹਿੰਦਾ ਜਿਸੇ ਨੇ ਉਹਦ ਦੀ ਜੰਗ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਚਾਚਾ ਹਜ਼ਰਤ ਹਮਜ਼ਾ ਦਾ ਅੰਗ ਭੰਗ ਕੀਤਾ ਸੀ ਮੁਆਫ਼ ਕਰ ਦਿੱਤਾ । ਹਿੰਦਾ ਉਪੱਰ ਆਪਦੇ ਦਰਗੁਜ਼ਰ ਕਰਨ ਦਾ ਅਜਿਹਾ ਪ੍ਰਭਾਵ ਹੋਇਆ ਕਿ ਉਸ ਦੀ ਕਾਇਆ ਹੀ ਬਿਲਕੁਲ ਪਲਟ ਗਈ । ਬਹੁਤ ਹੀ ਮੁਖ਼ਲਸ (ਈਮਾਨਦਾਰ) ਹੋ ਗਈ ਉਸੇ ਦਿਨ ਸ਼ਾਮ ਨੂੰ ਉਸ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਦਾਵਤ ਕੀਤੀ ਅਤੇ ਦੋ ਬਕਰੇ ਭੁੰਨ ਕੇ ਭਿਜਵਾਏ ਅਤੇ ਨਾਲ ਹੀ ਕਹਿ ਦਿੱਤਾ ਕਿ ਅੱਜ ਕੱਲ ਜਾਨਵਰ ਘੱਟ ਹਨ ਤੁੱਛ ਜਿਹਾ ਤੋਹਫ਼ਾ ਪੇਸ਼ ਹੈ । ਇਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਦੁਆ ਕੀਤੀ ਕਿ ਹੇ, ਅਲੱਾਹ ! ਹਿੰਦਾ ਦੇ ਰੇਵੜਾਂ ਵਿੱਚ ਬਹੁਤ ਬਰਕਤ ਪਾ ਦੇ । ਸੋ, ਕਹਿੰਦੇ ਹਨ ਕਿ ਇਸ ਦੁਆ ਦੇ ਸਿੱਟੇ ਵਿੱਚ ਅਜਿਹੀ ਬਰਕਤ ਪਈ ਕਿ ਰੇਵੜ ਉਸ ਤੋਂ ਸੰਭਾਲੇ ਨਹੀਂ ਜਾਂਦੇ ਸਨ ।

ਅਬਦੁਲੱਾਹ ਬਿਨ ਅਬੀ ਬਿਨ ਸਲੂਲ ਦੀਆਂ ਸਾਰੀਆਂ ਗੁਸਤਾਖ਼ੀਆਂ ਨੂੰ ਮੁਆਫ਼ ਫ਼ਰਮਾਇਆ ਅਤੇ ਉਸ ਦਾ ਜਨਾਜ਼ਾਹ ਵੀ ਪੜ੍ਹਿਆ । ਕਾਬ ਬਿਨ ਜ਼ਹੀਰ ਇਕ ਪ੍ਰਸਿੱਧ ਕਵੀ ਸੀ, ਕਈ ਗਲੱਾਂ ਕਰਕੇ ਉਸ ਲਈ ਵੀ ਦੰਡ ਦਾ ਆਦੇਸ਼ ਹੋ ਚੁਕੱਾ ਸੀ । ਮੱਕੇ ਦੀ ਫ਼ਤਹਿ ਮਗਰੋਂ ਉਹਨਾਂ ਦੇ ਭਾਈ ਨੇ ਉਸ ਨੂੰ: ਲਿੱਖਿਆ ਕਿ ਹੁਣ ਆਣਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਮੁਆਫ਼ੀ ਮੰਗ ਲਓ । ਸੋ, ਉਹ ਮਦੀਨੇ ਆਣਕੇ ਆਪਣੇ ਜਾਨਣ ਵਾਲੇ ਦੇ ਕੋਲ ਠਹਿਰ ਗਏ ਅਤੇ ਫ਼ਜਰ ਦੀ ਨਮਾਜ਼ ਮਸਜਿਦ ਨਬਵੀ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਪਿੱਛੇ ਪੜ੍ਹੀ । ਨਮਾਜ਼ ਦੇ ਬਾਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ! ਕਾਬ ਬਿਨ ਜ਼ਹੀਰ ਤੋਬਾ ਕਰਕੇ ਆਇਆ ਹੈ ਅਤੇ ਮੁਆਫ਼ੀ ਦਾ ਜਾਚਕ ਹੈ । ਆਪ ਸਲਲੱਾਹੁ ਅਲੈਹਿ ਵਸਲਮ ਸ਼ਕਲ ਤੋਂ ਉਸ ਨੂੰ ਨਹੀਂ ਪਛਾਣਦੇ ਸਨ ਇਸ ਲਈ ਕਿਹਾ ਕਿ ਜੇਕਰ ਆਗਿਆ ਹੋਵੇ ਤਾਂ ਉਸ ਨੂੰ ਪੇਸ਼ ਕੀਤਾ ਜਾਵੇ । ਆਪ ਨੇ ਫ਼ਰਮਾਇਆ ਕਿ ਹਾ ਆ ਜਾਵੇ, ਇਸ'ਤੇ ਉਸ ਨੇ ਕਿਹਾ ਕਿ ਹੇ, ਰਸੂਲੁਲੱਾਹ ! ਮੈਂ ਹੀ ਕਾਬ ਬਿਨ ਜ਼ਹੀਰ ਹਾਂ । ਇਸ'ਤੇ ਇਕ ਅੰਸਾਰੀ ਉਸ ਨੂੰ ਕਤਲ ਕਰਨ ਲਈ ਉੱਠੇ ਤਾਂ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹ ਮੁਆਫ਼ੀ ਦਾ ਜਾਚਕ ਬਣ ਕੇ ਆਇਆ ਹੈ ਇਸ ਨੂੰ ਛੱਡ ਦਿਓ । ਇਸ ਦੇ ਬਾਦ ਉਸ ਨੇ ਹਜ਼ਰਤ

ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਇਕ ਕਸੀਦਾ (ਛੰਦਰਚਨਾ) ਪੇਸ਼ ਕੀਤਾ ਜਿਸ'ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਖ਼ੁਸ਼ੀ ਦਾ ਪ੍ਰਗਟਵਾ ਕਰਦਿਆਂ ਹੋਇਆਂ ਆਪਣੀ ਇਕ ਚਾਦਰ ਵੀ ਉਸ ਉੜ੍ਹਾ ਦਿੱਤੀ । ਸੋ ਇਹ ਸੀ ਆਪ ਦੀ ਮੁਅਆਫ਼ੀ ਦਾ ਮਿਆਰ ਕਿ ਨ ਕੇਵਲ ਮੁਆਫ਼ ਫ਼ਰਮਾਉਂਦੇ ਸਨ ਸਗੋਂ ਪੁਰੁਸਕਾਰ ਦੇਕੇ ਦੁਆਵਾਂ ਦੇਕੇ ਤੋਰਦੇ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਦਰਗੁਜ਼ਰ ਦੀਆਂ ਅਸੰਖ ਉਧਾਰਣਾਵਾਂ ਹਨ ਅਜਿਹੇ ਮੇਰਾਜ (ਉਦਗਮ) ਉਪੱਰ ਪਹੁੰਚਿਆ ਹੋਇਆ ਅਫ਼ੂਵ (ਮੁਆਫ਼ ਕਰਨਾ) ਹੈ ਕਿ ਮਨੁੱਖ ਹੈਰਾਨ ਰਹਿ ਜਾਜੰਦਾ ਹੈ ।

ਇਕ ਵਾਰ ਇਕ ਵਿਅਕਤੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ! ਮੇਰਾ ਇਕ ਗ਼ੁਲਾਮ ਹੈ ਜੋ ਗ਼ਲਤ ਕੰਮ ਕਰਦਾ ਹੈ, ਕੀ ਮੈਂ ਉਸ ਨੂੰ ਸ਼ਰੀਰਕ ਦੰਡ ਦੇ ਸਕਦਾ ਹਾਂ । ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਸੀਂ ਉਸ ਨੂੰ ਪ੍ਰਤੀਦਿਨ ਸਤੱਰ ਵਾਰ ਦਰਗੁਜ਼ਰ ਕਰ ਦਿਆ ਕਰੋ ਅਰਥਾਤ ਬਹੁਤ ਅਧਿਕ ਵਾਰੀ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜਮਾਤ ਨੂੰ ਤਿਆਰ ਕਰਨ ਦਾ ਇਹੋ ਉਦੇਸ਼ ਹੈ ਕਿ ਜ਼ੁਬਾਨ (ਜੀਭ), ਕੰਨ, ਅੱਖ ਤੇ ਹਰ ਇਕ ਅੰਗ ਵਿੱਚ ਸੰਜਮਤਾ ਰੱਚ ਜਾਵੇ । ਸੰਜਮਤਾ ਦਾ ਨੂਰ ਅੰਦਰ ਤੇ ਬਾਹਰ ਹੋਵੇ । ਚੰਗੇ ਆਚਰਣਾ ਦਾ ਉਚੱਤਮ ਨਮੂਨਾ ਹੋਵੇ ਅਜਾਈਂ ਹੀ ਗੁਸੱਾ ਤੇ ਗ਼ਜ਼ਬ ਆਦਿ ਉਕੱਾ ਹੀ ਨ ਹੋਵੇ । ਫ਼ਰਮਾਇਆ ਕਿ ਮੈਂ ਦੇਖਿਆ ਹੈ ਕਿ ਜਮਾਤ ਦੇ ਬਹੁਤਿਆਂ ਲੋਕਾਂ ਵਿੱਚ ਹੁਣ ਵੀ ਗੁੱਸੇ ਦਾ ਨੁਕਸ ਮੌਜੂਦ ਹੈ । ਥੋੜ੍ਹੀ ਜਿਹੀ ਗੱਲ'ਤੇ ਕੀਨੇ ਤੇ ਵੈਰ ਪੈਦਾ ਹੋ ਜਾਂਦੇ ਹਨ ਅਤੇ ਆਪੋ ਵਿੱਚ ਲੜ ਝਗੜ ਪੈਂਦੇ ਹਨ । ਅਜਿਹੇ ਲੋਕਾਂ ਦਾ ਜਮਾਤ ਨਾਲ ਕੁਝ ਵੀ ਭਾਗ ਨਹੀਂ ਹੁੰਦਾ ਅਤੇ ਮੈਂ ਸਮਝਦਾ ਹਾਂ ਕਿ ਇਸ ਵਿੱਚ ਕੀ ਔਕੁੜ ਆਉਂਦੀ ਹੈ ਕਿ ਜਕੇਰ ਕੋਈ ਗਾਲ੍ਹ ਕੱਢੇ ਤਾਂ ਦੂਜਾ ਚੁੱਪ ਕਰ ਰਹੇ ਅਤੇ ਉਸ ਦਾ ਉਤੱਰ ਨ ਦੇਵੇ । ਹਰ ਇਕ ਜਮਾਤ ਦਾ ਸੁਧਾਰ, ਪਹਿਲਾਂ ਆਚਰਣ ਤੋਂ ਅਰੰਭ ਹੁੰਦਾ ਹੈ । ਚਾਹੀਦਾ ਹੈ ਕਿ ਅਰੰਭ ਵਿੱਚ ਸਬਰ ਨਾਲ ਤਰਬੀਯਤ ਵਿੱਚ ਤਰੱਕੀ ਕਰੇ ਅਤੇ ਸਭ ਤੋਂ ਚੰਗੀ ਤਰਕੀਬ ਇਹ ਹੈ ਕਿ ਜੇਕਰ ਕੋਈ ਬਦਗੋਈ ਕਰੇ, ਉਸ ਲਈ ਦਿਲ ਤੋਂ ਦੁਆ ਕਰੇ । ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਇਹ ਮਿਆਰਾਂ ਨੂੰ ਪ੍ਰਾਪਤ ਕਰਨ ਵਾਲੇ ਹਈਏ ।

**Khulasa Khutba Jumma 23.09.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131